# ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ

**ਐਸ.ਸੀ ਓ ਨੰ:-** 104-106, **ਦੂਸਰੀ ਮੰਜ਼ਿਲ, ਸੈਕਟਰ** 34-**ਏ, ਚੰਡੀਗੜ੍ਹ ਫ਼ੋਨ ਨੰ:**172-2623006, 2623207, 2620106
**ਫੈਕਸ:**0172-2624687 ਈ-ਮੇਲssapunjab@yahoo.com

ਹਵਾਲਾ ਨੰ: ਮਿਤੀ

ਵੱਲ,

_______________
________________
______________

**ਵਿਸ਼ਾ:- ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ, ਵਿੱਚ ਕੰਟਰੈਕਟ ਦੇ ਆਧਾਰ ਤੇ ਨੌਕਰੀ ਸੰਬੰਧੀ ਪੇਸ਼ਕਸ਼।**

ਅਸੀਂ ਆਪਨੂੰ ਇਹ ਦੱਸਣ ਵਿੱਚ ਪ੍ਰਸੰਨਤਾ ਮਹਿਸੂਸ ਕਰ ਰਹੇ ਹਾਂ ਕਿ ਤੁਹਾਡੇ ਵੱਲੋਂ ਦਿੱਤੇ ਗਏ ਵੇਰਵੇ ਦੇ ਆਧਾਰ ਤੇ ਤੁਹਾਨੂੰ ਬਤੌਰ ___________________ ਚੁਣ ਲਿਆ ਗਿਆ ਹੈ। ਇਹ ਚੋਣ ਤੁਹਾਡੇ ਬਿਨੈ-ਪੱਤਰ, ਵਿੱਦਿਅਕ ਅਤੇ ਕਿੱਤਾ ਯੋਗਤਾਵਾਂ, ਪਿਛਲੇ ਤਜਰਬੇ ਤੇ ਆਧਾਰਤ ਹੈ। ਇਹ ਨਿਯੁਕਤੀ ਬਿਲਕੁਲ ਆਰਜ਼ੀ ਤੌਰ ਤੇ ਕੰਟਰੈਕਟ ਬੇਸਿਜ਼ ਤੇ ਹੈ। ਇਸ ਪੇਸ਼ਕਸ਼ ਦੀਆਂ ਸ਼ਰਤਾਂ ਨਿਮਨਲਿਖਤ ਅਨੁਸਾਰ ਹਨ:-

1) ਤੁਹਾਨੂੰ ਬੱਝਵੀਂ ______________ ਪ੍ਰਤੀ ਮਾਹ ਤਨਖਾਹ ਦਿੱਤੀ ਜਾਵੇਗੀ।

2) ਨਿਯੁਕਤੀ ਸ਼ੁਰੂ ਵਿੱਚ ਇੱਕ ਸਾਲ ਲਈ ਹੋਵੇਗੀ। ਤੁਹਾਡੇ ਆਚਰਣ ਅਤੇ ਕੰਮ ਨੂੰ ਵੇਖਕੇ ਕੰਟਰੈਕਟ ਹਰ ਸਾਲ ਰੀਨਿਊ ਕੀਤਾ ਜਾ ਸਕਦਾ ਹੈ।

3) ਤੁਹਾਡੀ ਤੈਨਾਤੀ ________ਵਿਖੇ ਹੋਵੇਗੀ ਅਤੇ ਤੁਹਾਨੂੰ ਇਹ ਪੱਤਰ ਪ੍ਰਾਪਤ ਹੋਣ ਤੋਂ ਇੱਕ ਹਫਤੇ ਦੇ ਅੰਦਰ ਅੰਦਰ ਡਿਊਟੀ ਲਈ ਰਿਪੋਰਟ ਕਰਨੀ ਪਵੇਗੀ।

4) ਆਪਣੀਆਂ ਡਿਊਟੀਆਂ ਦਾ ਭੁਗਤਾਨ ਕਰਦੇ ਸਮੇਂ ਤੁਸੀਂ ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਦੇ ਉੱਚ ਅਧਿਕਾਰੀਆਂ ਵੱਲੋਂ ਸਮੇਂ ਸਮੇਂ ਤੇ ਦਿੱਤੀਆਂ ਹਦਾਇਤਾਂ ਦੀ ਪਾਲਣਾ ਕਰੋਗੇ ਅਤੇ ਉਨ੍ਹਾਂ ਦੀਆਂ ਅਗਵਾਈ ਅਧੀਨ ਕੰਮ ਕਰੋਗੇ । ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਨੂੰ ਇਹ ਪੂਰੀ ਖੁੱਲ੍ਹ ਹੋਵੇਗੀ ਕਿ ਉਹ ਸਰਵ ਸਿੱਖਿਆ ਅਭਿਆਨ ਅਥਾਰਟੀ ਦੀਆਂ ਲੋੜਾਂ ਅਨੁਸਾਰ ਤੁਹਾਡੀਆਂ ਜ਼ਿੰਮੇਵਾਰੀਆਂ ਵਿੱਚ ਤਬਦੀਲੀਆਂ ਕਰ ਸਕੇਗੀ।

5) ਤੁਹਾਡੇ ਉਤੇ ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਵੱਲੋਂ ਨੌਕਰੀ ਸੰਬੰਧੀ ਸਮੇਂ ਸਮੇਂ ਤੇ ਲਾਗੂ ਕੀਤੀਆਂ ਨੀਤੀਆਂ ਅਤੇ ਨਿਯਮ ਲਾਗੂ ਹੋਣਗੇ ਅਤੇ ਤੁਸੀਂ ਇਨ੍ਹਾਂ ਨੂੰ ਮੰਨਣ ਲਈ ਪਾਬੰਦ ਹੋਵੇਗੇ।

6) ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਦਾ ਤਨਖਾਹ ਢਾਂਚਾ ਕਿਸੇ ਵੀ ਸਮੇਂ ਬਿਨਾਂ ਕਿਸੇ ਨੋਟਿਸ ਤੋਂ ਬਦਲਿਆ/ਸੋਧਿਆ ਜਾ ਸਕਦਾ ਹੈ ਅਤੇ ਤੁਹਾਡਾ ਵੇਤਨ ਦਾ ਪੈਕੇਜ ਅਤੇ ਤਨਖਾਹ ਦਾ ਢਾਂਚਾ ਉਸ ਅਨੁਸਾਰ ਸਮੇਂ ਸਮੇਂ ਤੇ ਬਦਲਿਆ/ਸੋਧਿਆ ਜਾ ਸਕਦਾ ਹੈ। ਇਸਤੋਂ ਇਲਾਵਾ ਤਨਖਾਹ, ਭੱਤੇ ਅਤੇ ਹੋਰ ਸਾਰੀਆਂ ਅਦਾਇਗੀਆਂ/ਲਾਭਾਂ ਸੰਬੰਧੀ ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਦੇ ਨਿਯਮ/ਨੀਤੀਆਂ ਅਤੇ ਸਮੇਂ ਸਮੇਂ ਤੇ ਜਾਰੀ ਕੀਤੇ ਹੋਰ ਕਾਨੂੰਨੀ ਉਪਬੰਧ ਲਾਗੂ ਹੋਣਗੇ ਅਤੇ ਸੋਮੇ ਤੇ ਹੀ ਟੈਕਸਾਂ ਦੀ ਕਟੌਤੀ ਵੀ ਲਾਗੂ ਹੋਵੇਗੀ।

7) ਜੇਕਰ ਵਿਭਾਗ ਵੱਲੋਂ ਤੁਹਾਡੀਆਂ ਸੇਵਾਵਾਂ ਸਮਾਪਤ ਕੀਤੀਆਂ ਜਾਂਦੀਆਂ ਹਨ ਤਾਂ ਉਸ ਸੂਰਤ ਵਿੱਚ ਵਿਭਾਗ ਵੱਲੋਂ ਇੱਕ ਮਹੀਨੇ ਦਾ ਨੋਟਿਸ ਜਾਂ ਇਸਦੇ ਇਵਜ਼ ਵਿੱਚ ਇੱਕ ਮਹੀਨੇ ਦੀ ਤਨਖਾਹ ਦਿੱਤੀ ਜਾਵੇਗੀ ਅਤੇ ਤੁਹਾਡੇ ਵੱਲੋਂ ਨੌਕਰੀ ਛੱਡਣ ਦੀ ਸੂਰਤ ਵਿੱਚ ਤਿੰਨ ਮਹੀਨੇ ਦਾ ਨੋਟਿਸ ਜਾਂ ਇਸਦੇ ਇਵਜ਼ ਵਿੱਚ ਤਿੰਨ ਮਹੀਨੇ ਦੀ ਤਨਖਾਹ ਜਮ੍ਹਾਂ ਕਰਵਾਈ ਜਾਵੇਗੀ। ਦੁਰ-ਵਿਹਾਰ ਦੀ ਸੂਰਤ ਵਿੱਚ ਤੁਹਾਨੂੰ ਨੌਕਰੀ ਤੋਂ ਵੱਖ ਕਰਨ ਤੋਂ ਪਹਿਲਾਂ ਆਪਣੀ ਸਫਾਈ ਪੇਸ਼ ਕਰਨ ਦਾ ਢੁੱਕਵਾਂ ਮੌਕਾ ਦਿੱਤਾ ਜਾਵੇਗਾ ਅਤੇ ਉਸ ਸੂਰਤ ਵਿੱਚ ਇੱਕ ਮਹੀਨੇ ਦੇ ਨੋਟਿਸ ਦੀ ਸ਼ਰਤ ਲਾਗੂ ਨਹੀਂ ਹੋਵੇਗੀ।

8) ਆਪਨੂੰ ਇਸ ਨਿਯੁਕਤੀ ਤੇ ਹਾਜਰ ਹੋਣ ਦੇ ਸੰਬੰਧ ਵਿੱਚ ਕੋਈ ਸਫਰੀ ਭੱਤਾ ਨਹੀਂ ਦਿੱਤਾ ਜਾਵੇਗਾ।

9) ਆਪ ਇਹ ਹਲਫੀਆ ਬਿਆਨ ਦੇਵੋਗੇ ਕਿ ਆਪ ਨੂੰ ਕਿਸੇ ਨੈਤਿਕ ਗਿਰਾਵਟ ਦੇ ਜੁਰਮ ਕਾਰਨ ਕਿਸੇ ਕੋਰਟ ਵੱਲੋਂ ਕੋਈ ਸਜ਼ਾ ਨਹੀਂ ਦਿੱਤੀ ਗਈ।

10) ਇਹ ਨਿਯੁਕਤੀ ਤੱਥ ਗਲਤ ਸਾਬਤ ਹੋਣ, ਗਲਤ ਵੇਰਵੇ ਦੇਣ ਜਾਂ ਆਚਰਣ ਤਸੱਲੀਬਖਸ਼ ਨਾ ਹੋਣ ਦੀ ਸੂਰਤ ਵਿੱਚ ਬਿਨਾਂ ਕੋਈ ਨੋਟਿਸ ਦਿੱਤੇ ਰੱਦ ਕਰ ਦਿੱਤੀ ਜਾਵੇਗੀ।

11) ਤੁਹਾਡੀ ਨੌਕਰੀ ਦੌਰਾਨ ਤੁਹਾਡੇ ਵੱਲੋਂ ਕੀਤੇ ਗਏ ਸਾਰੇ ਆਵਿਸ਼ਕਾਰ, ਖੋਜਾਂ, ਨਵੇਂ ਡਿਜ਼ਾਈਨ, ਸਾਰੀਆਂ ਲਿਖਤਾਂ, ਪ੍ਰੋਗਰਾਮ, ਡਿਜ਼ਾਈਨ,ਕਲਾ-ਕ੍ਰਿਤੀਆਂ ਅਤੇ ਤੁਹਾਡੇ ਵੱਲੋਂ ਸਿਰਜਤ ਕੀਤੀਆਂ ਗਈਆਂ ਹੋਰ

ਸਾਰੀਆਂ ਕਾਪੀ-ਰਾਈਟ ਕ੍ਰਿਤੀਆਂ ਰਾਸ਼ਟਰੀ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਦੀ ਸੰਪਤੀ ਹੋਣਗੀਆਂ।

12) ਆਪ ਪਹਿਲਾਂ ਪ੍ਰਵਾਨਗੀ ਲਏ ਬਿਨਾਂ ਕਿਸੇ ਪ੍ਰਕਾਰ ਦੀ ਉਚੇਰੀ ਵਿਦਿਆ ਹਾਸਲ ਨਹੀਂ ਕਰੋਗੇ। ਜੇਕਰ ਤੁਸੀਂ ਕਿਸੇ ਵੀ ਹੋਰ ਥਾਂ ਕੋਈ ਵਪਾਰਕ ਗਤੀਵਿਧੀ ਸ਼ੁਰੂ ਕਰਨੀ ਹੋਵੇ ਭਾਵੇਂ ਅੰਸ਼-ਕਾਲੀ ਹੀ ਹੋਵੇ ਜਾਂ ਬਿਨਾਂ ਕਿਸੇ ਪ੍ਰਤੀਫਲ ਤੋਂ ਵੀ ਹੋਵੇ ਤਾਂ ਤੁਹਾਨੂੰ ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਤੋਂ ਪਹਿਲਾਂ ਲਿਖਤੀ ਆਗਿਆ ਪ੍ਰਾਪਤ ਕਰਨੀ ਪਵੇਗੀ। ਤੁਸੀਂ ਕਿਸੇ ਵੀ ਅਜਿਹੀ ਗਤੀਵਿਧੀ ਵਿੱਚ ਅੰਤਰ-ਗ੍ਰਸਤ ਨਹੀਂ ਹੋਵੋਗੇ ਜਾਂ ਰੁਝੋਗੇ ਜਿਸਦਾ ਤੁਹਾਡੀ ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਨਾਲ ਬਾਂਧ ਨਾਲ ਟਕਰਾਅ ਹੋਵੇ। ਇਸ ਦੀ ਉਲੰਘਣਾ ਦੀ ਸੂਰਤ ਵਿੱਚ ਤੁਹਾਡੀਆਂ ਸੇਵਾਵਾਂ ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਵੱਲੋਂ ਬਿਨਾਂ ਕਿਸੇ ਨੋਟਿਸ ਦੇ ਸਮਾਪਤ ਕਰ ਦਿੱਤੀਆਂ ਜਾਣਗੀਆਂ ਅਤੇ ਅਜਿਹੀ ਸੂਰਤ ਵਿੱਚ ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਦੀ ਨੋਟਿਸ ਦੇ ਇਵਜ਼ ਵਿੱਚ ਕੋਈ ਮੁਆਵਜ਼ਾ ਦੇਣ ਦੀ ਕੋਈ ਦੇਣਦਾਰੀ ਨਹੀਂ ਹੋਵੇਗੀ। ਇਸਤੋਂ ਇਲਾਵਾ ਅਜਿਹੀ ਉਲੰਘਣਾ ਦੀ ਸੂਰਤ ਵਿੱਚ ਇਹ ਸਮਝਿਆ ਜਾਵੇਗਾ ਕਿ ਤੁਸੀਂ ਬਿਨਾਂ ਕੋਈ ਨੋਟਿਸ ਦਿੱਤੇ ਸਵੈ-ਇੱਛੁਕ ਤੌਰ ਤੇ ਨੌਕਰੀ ਛੱਡ ਦਿੱਤੀ ਹੈ ਅਤੇ ਅਸਤੀਫਾ ਦੇ ਦਿੱਤਾ ਹੈ ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਬਣਦਾ ਘਾਟਾ, ਜੇ ਕੋਈ ਹੋਵੇ ਵਸੂਲ ਸਕਦਾ ਹੈ।

13) ਛੁੱਟੀ ਲੈਣਾ ਅਧਿਕਾਰ ਨਹੀਂ ਹੈ। ਜੇਕਰ ਤੁਸੀਂ ਬਿਨਾਂ ਪ੍ਰਵਾਨਤ ਛੁੱਟੀ ਦੇ ਗੈਰ-ਹਾਜ਼ਰ ਰਹਿੰਦੇ ਹੋ ਜਾਂ ਮਨਜ਼ੂਰ ਕੀਤੀ ਛੁੱਟੀ ਜਾਂ ਉਸਤੋਂ ਅੱਗੇ ਵਧਾਈ ਛੁੱਟੀ ਤੋਂ ਬਾਅਦ ਗੈਰ-ਹਾਜ਼ਰ ਰਹਿੰਦੇ ਹੋ ਅਤੇ ਗੈਰ-ਹਾਜ਼ਰੀ ਆਰੰਭ ਹੋਣ ਤੋਂ ਤਿੰਨ ਦਿਨਾਂ ਦੇ ਅੰਦਰ ਅੰਦਰ ਡਿਊਟੀ ਤੇ ਹਾਜਰ ਨਹੀਂ ਹੁੰਦੇ ਤਾਂ ਇਹ ਸਮਝਿਆ ਜਾਵੇਗਾ ਕਿ ਤੁਸੀਂ ਬਿਨਾਂ ਕੋਈ ਨੋਟਿਸ ਦਿੱਤੇ ਸਵੈ-ਇੱਛੁਕ ਤੌਰ ਤੇ ਨੌਕਰੀ ਛੱਡ ਦਿੱਤੀ ਹੈ ।

14) ਅਹੁਦੇ, ਕੰਮ ਦੇ ਘੰਟਿਆਂ ਅਤੇ ਉਪਰੋਕਤ ਜ਼ਿਕਰ ਕੀਤੇ ਸਾਰੇ ਮਾਮਲਿਆਂ ਆਦਿ ਬਾਰੇ ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਦੇ ਨਿਯਮ ਅਤੇ ਨੀਤੀਆਂ ਕਿਸੇ ਵੀ ਸਮੇਂ ਬਿਨਾਂ ਕੋਈ ਨੋਟਿਸ ਦਿੱਤੇ ਕਿਸੇ ਵੀ ਸਮੇਂ ਤਬਦੀਲ ਕੀਤੇ ਜਾ ਸਕਦੇ ਹਨ।

15) ਜਿਨ੍ਹਾਂ ਮਾਮਲਿਆਂ ਦਾ ਇਸ ਪੱਤਰ ਵਿੱਚ ਜ਼ਿਕਰ ਨਹੀਂ ਕੀਤਾ ਗਿਆ ਉਨ੍ਹਾਂ ਦੇ ਸੰਬੰਧ ਵਿੱਚ ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਵੱਲੋਂ ਸਮੇਂ ਸਮੇਂ ਤੇ ਲਾਗੂ ਕੀਤੇ ਗਏ ਅਮਲ/ਨੀਤੀਆਂ ਲਾਗੂ ਹੋਣਗੀਆਂ ਅਤੇ ਅਜਿਹੇ ਮਾਮਲਿਆਂ ਸੰਬੰਧੀ ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਦਾ ਫੈਸਲਾ ਅੰਤਿਮ ਹੋਵੇਗੀ ਅਤੇ ਤੁਸੀਂ ਇਸ ਨੂੰ ਮੰਨਣ ਲਈ ਪਾਬੰਦ ਹੋਵੋਗੇ।

16) ਤੁਹਾਡੀ ਸੇਵਾ ਸਮਾਪਤੀ ਤੋਂ ਬਾਅਦ ਤੁਸੀਂ ਸਾਰੇ ਦਸਤਾਵੇਜ਼/ਮੈਗਨੈਟਿਕ/ਡਿਜੀਟਲ ਮੀਡੀਆ ਅਤੇ ਹੋਰ ਵਸਤਾਂ/ਕਾਪੀਆਂ ਜਿਹੜੀਆਂ ਕਿ ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਦੀ ਸੰਪਤੀ ਹਨ ਅਤੇ ਤੁਹਾਡੇ ਕਬਜ਼ੇ ਵਿੱਚ ਹੋਣ ਜਾਂ ਤੁਹਾਡੇ ਕੰਟਰੋਲ ਵਿੱਚ ਹੋਣ ਸਰਵ ਸਿੱਖਿਆ ਅਭਿਆਨ ਅਥਾਰਟੀ ਨੂੰ ਵਾਪਸ ਕਰੋਗੇ।

17) ਤੁਹਾਡੇ ਕੋਲ ਦਸਵੀਂ ਪੱਧਰ ਦੀ ਪੰਜਾਬੀ ਦੀ ਯੋਗਤਾ ਹੋਣੀ ਜ਼ਰੂਰੀ ਹੈ।

18) ਇਕ ਵਾਰੀ ਅਲਾਟ ਕੀਤਾ ਗਿਆ ਸਟੇਸ਼ਨ ਬਦਲਿਆ ਨਹੀ ਜਾਵੇਗਾ, ਕੇਵਲ ਕਿਸੇ ਵਿਸ਼ੇਸ਼ ਹਾਲਾਤ ਵਿਚ ਹੀ ਬਦਲੀ ਲਈ ਵਿਚਾਰ ਕੀਤੀ ਜਾਵੇਗੀ।

**ਸਟੇਟ ਪ੍ਰਾਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ ਚੰਡੀਗੜ੍ਹ।**

ਮੈਂ ਨੌਕਰੀ ਦੀਆਂ ਉਪਰੋਕਤ ਸ਼ਰਤਾਂ ਅਤੇ ਬਾਨ੍ਹਾਂ ਪੜ੍ਹ ਲਈਆਂ ਹਨ ਅਤੇ ਇਨ੍ਹਾਂ ਨੂੰ ਸਵੀਕਾਰ ਕਰਦਾ ਹਾਂ।
(ਕਰਮਚਾਰੀ ਦੇ ਹਸਤਾਖਰ)

ਪਿਠ ਅੰਕਣ ਨੰ: ਮਿਤੀ

ਉਪਰੋਕਤ ਦਾ ਇੱਕ ਉਤਾਰਾ ਨਿਮਨਲਿਖਤ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ।

1. ਜਿਲਾ ਸਿੱਖਿਆ ਅਫਸਰ (ਸੈ.ਸਿ) ______________।

**ਡਿਪਟੀ ਸਟੇਟ ਪ੍ਰਾਜੈਕਟ**
**ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ ਚੰਡੀਗੜ੍ਹ।**